This question paper contains 3 printed pages]

*Your Roll No*................

**5396**

**B.A. (PROGRAMME)/II** **A**

**(T)**

PUNJABI DISCIPLINE—Paper II

(Optional)

(Admissions of 2004/2006 and after in respect of the students of regular colleges/NCWEB.)

*Time : 3 Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immedictely on receipt of this question paper.)*

ਨੋਟ :– ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ ।

1. ਕਿੱਸਾ ਕਾਵਿ ਤੋਂ ਕੀ ਭਾਵ ਹੈ ? ਪੀਲੂ ਦਾ ਕਿੱਸਾ 'ਮਿਰਜ਼ਾ ਸਾਹਿਬਾਂ' ਦੀ ਸਾਹਿਤਕ ਪੜਚੋਲ ਕਰੋ ।

ਜਾਂ

'ਚੰਡੀ ਦੀ ਵਾਰ' ਕਿਸ ਉਦੇਸ਼ ਨੂੰ ਮੁੱਖ ਰਖ ਕੇ ਲਿਖੀ ਹੈ ? ਚਰਚਾ ਕਰੋ । 15

2. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ ਇਕ ਦੀ ਸਾਹਿਤਕ ਪੜਚੋਲ ਕਰੋ :

(i) ਜ਼ਫ਼ਰਨਾਮਾ;

(ii) ਜੁੱਤੀਆਂ ਦਾ ਜੋੜਾ;

(iii) ਬੰਬ ਕੇਸ । 15

P.T.O.

3. ਹੇਠ ਲਿਖੇ ਵਾਕਾਂ ਤੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :

(*i*) ਭਰੂਣ-ਹੱਤਿਆ ਵਰਗਾ ਕੁਕਰਮ ਸਾਡੇ ਲਈ ਏਕ ਨਵ ਸਮਾਜਕ ਚੁਣਤੀ ਹੈ ।

(*ii*) ਵਾਤਾਵਰਨੀ ਪ੍ਰਦੂਸ਼ਨ ਵਾਪਰ ਰਹੀਆ ਸਾਡੇ ਚੋਗਿਰਦੇ ਵਿਚ ਅਣ-ਚਾਹੀਆਂ ਤਬਦੀਲੀਆਂ ਦਾ ਹੀ ਨਾ ਹੈ । 10

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

"ਦਮੋਦਰ ਤੋਂ ਮਗਰੋਂ ਪੀਲੂ, ਮੁਗਲਕਾਲ ਦਾ ਦੂਜਾ ਪ੍ਰਸਿੱਧ ਤੇ ਵੱਡਾ ਕਿੱਸਾਕਾਰ ਹੋਇਆ ਹੈ । ਉਸਨੂੰ ਵਧੇਰੇ ਪ੍ਰਸਿੱਧਤਾ ਕਿੱਸਾ 'ਮਿਰਜ਼ਾ ਸਾਹਿਬਾਂ' ਕਰਕੇ ਹੀ ਹਾਸਲ ਹੋਈ । ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਮਿਰਜ਼ਾ-ਸਾਹਿਬਾਂ ਦੀ ਪੇਮ ਕਥਾ ਨੂੰ ਸਭ ਤੋਂ ਪਹਿਲਾਂ ਪੀਲੂ ਨੇ ਹੀ ਕਲਮਬਧ ਕੀਤਾ । ਮਾਝੀ ਬੋਲੀ ਤੇ ਸਦ ਕਾਵਿ-ਰੂਪ ਵਿਚ ਲਿਖਿਆ ਹੋਇਆ ਉਸ ਦਾ ਕਿੱਸਾ ਮਿਰਜ਼ਾ-ਸਾਹਿਬਾਂ ਹੀਰ ਦਮੋਦਰ ਤੇ ਹੀਰ ਵਾਰਿਸ ਸ਼ਾਹ ਵਾਂਗ ਹੀ ਹਰਮਨ ਪਿਆਰਾ ਹੈ । ਕਿੱਸਾ ਮਿਰਜ਼ਾ-ਸਾਹਿਬਾਂ ਕਿਸੇ ਲਿਖਤੀ ਖਰੜੇ ਤੋਂ ਪ੍ਰਾਪਤ ਨਹੀਂ ਹੋਇਆ, ਸਗੋਂ ਇਕ ਅੰਗਰੇਜ਼ ਵਿਦਵਾਨ ਤੇ ਸਾਹਿਤ ਰਸੀਏ ਸਰ ਰਿਚਰਡ ਟੈਂਪਲ ਨੇ ਕੁਝ ਢਾਡੀਆ ਤੇ ਮਰਾਸੀਆਂ ਕੋਲੋਂ ਇਸ ਕਿਸੇ ਨੂੰ ਸੁਣਕੇ ਆਪਣੀ ਪੁਸਤਕ 'ਦੀ ਲੈਜੰਡ ਆਫ਼ ਪੰਜਾਬ' ਵਿਚ ਸ਼ਾਮਲ ਕੀਤਾ ।

ਪ੍ਰਸ਼ਨ :

(*i*) ਇਸ ਪੈਰੇ ਨੂੰ ਪੜ੍ਹ ਕੇ ਸਿਰਲੇਖ ਦਿਉ ।

(*ii*) ਪੀਲੂ ਨੂੰ ਵਧੇਰੇ ਪ੍ਰਸਿੱਧੀ ਕਿਸ ਕਾਰਨ ਮਿਲੀ ?

(*iii*) ਕਿਸ ਵਿਦਵਾਨ ਨੇ ਇਸ ਕਿੱਸੇ ਨੂੰ ਕਲਮਬਧ ਕੀਤਾ ।

(*iv*) ਇਸ ਕਿੱਸੇ ਵਿਚ ਪੰਜਾਬੀ ਦੀ ਕਿਸ ਉਪ-ਬੋਲੀ ਨੂੰ ਵਰਤਿਆ ਗਿਆ ਹੈ ।

(*v*) ਪੀਲੂ ਕਿਸ ਕਾਲ ਦਾ ਪ੍ਰਸਿੱਧ ਕਵੀ ਹੋਇਆ ਹੈ । 10

5. ਪੰਜਾਬੀ ਭਾਸ਼ਾ ਦੇ ਰਜਿਸਟਰਾਂ ਬਾਰੇ ਸੰਖੇਪ ਜਾਣਕਾਰੀ ਦਿਉ ।

ਜਾਂ

'ਉਪਮਾ' ਅਤੇ 'ਅਤਿਕਥਨੀ' ਅਲੰਕਾਰਾਂ ਨੂੰ ਉਦਾਹਰਨਾਂ ਸਹਿਤ ਸਮਝਾਉ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ ।

(*i*) ਵਾਰ-ਕਾਵਿ ਦਾ ਪ੍ਰਮੁੱਖ ਵਿਸ਼ਾ ਕੀ ਹੁੰਦਾ ਹੈ ?

(*ii*) 'ਜ਼ਫ਼ਰਨਾਮਾ' ਸ਼ਬਦ ਦੀ ਵਿਆਖਿਆ ਕਰੋ ।

(*iii*) 'ਆਧੁਨਿਕ ਇਕਾਂਗੀ' ਪੁਸਤਕ ਵਿਚਲੇ ਤਿੰਨ ਇਕਾਂਗੀਕਾਰਾਂ ਦੇ ਨਾਂ ਲਿਖੋ ।

(*iv*) 'ਹੀਰ-ਰਾਂਝੇ' ਦਾ ਕਿੱਸਾ ਕਿਸ ਕਵੀ ਦਾ ਮਸ਼ਹੂਰ ਹੈ, ਅਤੇ ਕਿਉਂ ?

(*v*) 'ਸੁਹਾਗ' ਇਕਾਂਗੀ ਦਾ ਵਿਸ਼ਾ ਕੀ ਹੈ ? 5×3=15